ਸੈਸ਼ਨ 2020-21

DEPARTMENT OF SCHOOL EDUCATION

ਸ਼ੀਟ ਨੰ: 03

# ਈ-ਸ਼ਬਦ



## ਅੱਜ ਦਾ ਸ਼ਬਦ "ਕੀਅ ਬੋਰਡ"

"ਕੀਅ ਬੋਰਡ" ਸ਼ਬਦ ਦੋ ਸ਼ਬਦਾਂ "ਕੀਅ" ਅਤੇ "ਬੋਰਡ" ਦੇ ਸੁਮੇਲ ਤੋਂ ਬਣਿਆ ਹੋਇਆ ਹੈ। ਇਸਦਾ ਭਾਵ ਹੈ ਕਿਸੇ ਇੱਕ ਤਖਤੇ/ਬੋਰਡ ਉੱਪਰ ਇੱਕ ਤੋਂ ਵੱਧ ਬਟਨਾਂ ਨੂੰ ਲਗਾ ਕੇ ਕਿਸੇ ਖਾਸ ਮੰਤਵ ਲਈ ਵਰਤੋ ਕਰਨਾ। ਇਹ ਸ਼ਬਦ ਕੰਪਿਊਟਰ ਖੇਤਰ ਤੋਂ ਬਿਨਾਂ ਹੋਰ ਵੀ ਕਈ ਖੇਤਰਾਂ ਜਿਵੇਂ ਸੰਗੀਤ, ਇਲੈਕਟ੍ਰਾਨਿਕਸ (Electronics) ਜਾਂ ਹੋਰ ਮਨੋਰੰਜਨ ਦੇ ਖੇਤਰਾਂ ਵਿੱਚ ਪ੍ਰਯੋਗ ਹੋਣ ਵਾਲੇ ਉਪਕਰਣਾ ਨੂੰ ਦਰਸ਼ਾਉਣ ਲਈ ਵਰਤਿਆ ਜਾਂਦਾ ਹੈ।

ਕੰਪਿਊਟਰ ਕੀਅ ਬੋਰਡ ਦੀ ਬਣਤਰ ਇਸ ਤੋਂ ਪਹਿਲਾਂ ਵਰਤੇ ਜਾਣ ਵਾਲੇ ਟਾਈਪ-ਰਾਇਟਰ (Type-writer) ਦੀ ਬਣਤਰ ਦੇ ਅਨੁਸਾਰ ਬਣਾਈ ਗਈ ਹੈ। ਸਭ ਤੋਂ ਪਹਿਲਾਂ ਕੰਪਿਊਟਰ ਕੀਅ-ਬੋਰਡ ਲਗਭਗ 1868 ਈ. ਵਿੱਚ ਪ੍ਰਯੋਗ ਕੀਤਾ ਗਿਆ ਜਿਸ ਵਿੱਚ ਕੇਵਲ 28 ਕੀਅਜ਼ (Keys) ਹੀ ਸਨ। ਸਾਡੇ ਦੁਆਰਾ ਵਰਤੇ ਜਾਂਦੇ ਕੀਅ-ਬੋਰਡ ਵਿੱਚ 101 ਜਾਂ ਵੱਧ ਕੀਅਜ਼ ਹੁੰਦੀਆਂ ਹਨ ਅਤੇ ਇਸਦੀ ਕਿਸਮ QWERTY ਹੈ ਕਿਉਂਕਿ ਇਹ ਇਸ ਕੀਅ-ਬੋਰਡ ਦੀ ਸਭ ਤੋਂ ਪਹਿਲੀ ਸ਼ਬਦਾਂ ਦੀ ਰੋਅ ਦੇ ਪਹਿਲੇ 6 ਅੱਖਰ ਹੁੰਦੇ ਹਨ। ਦੁਨੀਆ ਵਿੱਚ ਵਰਤੇ ਜਾਂਦੇ ਸਾਰੇ ਹੀ ਕੀਅ-ਬੋਰਡਾਂ ਦੇ "F" ਅਤੇ "J" ਨਾਂ ਦੀ ਕੀਅ/ਬਟਨ ਉੱਪਰ ਇੱਕ ਵਿਸ਼ੇਸ਼ ਮਾਰਕ (Mark) ਦਿੱਤਾ ਜਾਂਦਾ ਹੈ ਤਾਂ ਜੋ ਸਾਨੂੰ ਟੱਚ-ਟਾਈਪਿੰਗ (Touch Typing)(ਕੀਅ ਬੋਰਡ ਬਿਨਾਂ ਦੇਖੇ ਟਾਈਪ ਕਰਨ ਦੀ ਪ੍ਰਕਿਰਿਆ) ਕਰਦੇ ਸਮੇਂ ਆਪਣੇ ਹੱਥਾਂ ਨੂੰ ਹੋਮ ਰੋਅ (Home Row) ਤੇ ਟਿਕਾ ਕੇ ਰੱਖਣ ਵਿੱਚ ਮਦਦ ਕਰਦੇ ਹਨ।

## Word of the Day is "**Key Board**"

"Key Board" is a combination of two words "Key" and "Board". It means to fixing more than one keys on a board and using it for a specific task. This word is used to represent devices being operated in some fields other than computer like music, electronics or other devices being used in entertainment field.

The layout of keyboard is as per typewriter being used before it. The first keyboard was used in 1868 which was consisting of 28 keys. Keyboard being used by us is having 101 keys and its layout is known as "QWERTY" because this is the key sequence of its 6 keys in first row of letters. All the keyboards being used in all over the world are having a small bump on "F" and "J" keys which helps us in keeping our hands on home row during touch-typing (A process of typing without seeing the keyboard).

### ਰੋਚਕ ਤੱਥ:-

**ਤੁਸੀਂ ਕੀਅ-ਬੋਰਡ ਦੀ ਕੇਵਲ ਇੱਕ ਰੋਅ** (Row) **ਦੀਆਂ ਕੀਅਜ਼ ਦਾ ਪ੍ਰਯੋਗ ਕਰਕੇ ਸਭ ਤੋਂ ਵੱਡਾ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ** TYPEWRITER **ਟਾਈਪ ਕਰ ਸਕਦੇ ਹੋ।**

### Interesting Facts:-

**We can type "TYPEWRITER" as longest English word by using keys of only one row of a keyboard.**

**ਪੰਜਾਬ ਆਈ. ਸੀ. ਟੀ. ਐਜੂਕੇਸ਼ਨ ਸੋਸਾਇਟੀ**

**D.M.: Kuldeep Kaushal (Sangrur)** **Sukhwinder Singh (GSSS(G), Sunam Udham Singh Wala)**